Sl.No. :

नामांक Roll No.

| | | | | | | |
|---|---|---|---|---|---|---|
| | | | | | | |

No. of Questions – 23
No. of Printed Pages – 7

**SS-25-Punjabi Sah. (Supp.)**

# उच्च माध्यमिक पूरक परीक्षा, 2024

# SENIOR SECONDARY SUPPLEMENTARY EXAMINATION, 2024

## पंजाबी साहित्य

## PUNJABI SAHITYA

**Time : 3¼ Hours**
**Maximum Marks : 80**

Tear Here

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

### ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ ’ਤੇ ਆਪਣਾ ਰੋਲ ਨੰਬਰ ਲਿਖਣ ।

2. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ । ਪ੍ਰਸ਼ਨ ਨੰਬਰ 17 ਤੋਂ 23 ਤਕ ਆਂਤਰਿਕ ਵਿਕਲਪ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ ’ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ ’ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

यहाँ से काटिए

## ਖੰਡ - ੳ

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪਾਂ ਦੀ ਚੋਣ ਕਰੋ : [12 × 1 = 12]

i) 'ਮੈਂ ਪੰਜਾਬੀ' ਕਵਿਤਾ ਦਾ ਕਵੀ ਹੈ :

ੳ) ਬਾਬੂ ਫਿਰੋਜ਼ਦੀਨ ਸ਼ਰਫ਼ ਅ) ਪ੍ਰੋ. ਪੂਰਨ ਸਿੰਘ

ੲ) ਭਾਈ ਵੀਰ ਸਿੰਘ ਸ) ਹਰਿਭਜਨ ਸਿੰਘ

ii) "ਗਿਆਨ ਦੀ ਅੰਨ੍ਹੀ ਦੌੜ ਵਿੱਚ, ਹੋਏ ਬਹੁਤ ਖੁਆਰ ।
ਅੰਦਰ ਵੀ ਨਈਂ ਰੌਸ਼ਨੀ, ਬਾਹਰ ਵੀ ਅੰਧਕਾਰ" ।

ਉਪਰੋਤਕ ਸਤਰਾਂ ਦੇ ਕਾਵਿ ਹਨ :

ੳ) ਡਾ: ਜਗਤਾਰ ਅ) ਤ੍ਰੈਲੋਚਨ ਲੋਚੀ

ੲ) ਗੁਰਤੇਜ ਕੋਹਾਰਵਾਲਾ ਸ) ਪ੍ਰੋ. ਮੋਹਨ ਸਿੰਘ

iii) "ਖਾਣ ਥੋੜ੍ਹਾ, ਪਹਿਨਣ ਮੋਟਾ ਸੋਟਾ,
ਵੇਖਣ ਮੁੜ ਮੁੜ ਵੱਲ ਬੱਦਲਾਂ,
ਇਹ ਹਨ ਜੱਗ ਦੇ ਭੰਡਾਰੀ,
ਰਾਜੇ ਹੱਥ ਅੱਡ ਅੱਡ ਮੰਗਸੇ ਇੱਥੋ ਰੋਟੀਆਂ" ।

ਇਹਨਾਂ ਸਤਰਾਂ ਵਿਚ 'ਜੱਗ ਦੇ ਭੰਡਾਰੀ' ਸ਼ਬਦ ਕਿੰਨ੍ਹਾਂ ਵਾਸਤੇ ਵਰਤਿਆ ਗਿਆ ਹੈ :

ੳ) ਅਧਿਆਪਕ ਅ) ਕਵੀ

ੲ) ਕਿਸਾਨ ਸ) ਫੌਜੀ

iv) 'ਬਦੇਸ਼ੀ ਸੌਦਾਗਰ' ਕਵਿਤਾ ਦੇ ਰਚਨਾਕਾਰ ਹਨ :

ੳ) ਗੁਰਭਜਨ ਗਿੱਲ ਅ) ਤ੍ਰੈਲੋਚਨ ਲੋਚੀ

ੲ) ਡਾ: ਪਾਲ ਕੌਰ ਸ) ਡਾ: ਜਗਤਾਰ

v) "ਦਸਤਕਾਰ, ਕਿਰਤੀ, ਕਿਰਸਾਣ,
ਸਾਂਝੀ ਰੋਟੀ ਵੰਡ ਕੇ ਖਾਣ ।
ਭੁੱਖ, ਨੰਗ, ਚਿੰਤਾ, ਬੇਕਾਰੀ,
ਹਟ ਜਾਏ ਧੜਕੇ ਦੀ ਬੀਮਾਰੀ" ।

ਉਪਰੋਕਤ ਸਤਰਾਂ ਵਿਚ ਵਰਤੇ ਸ਼ਬਦ 'ਧੜਕੇ' ਤੋਂ ਭਾਵ ਹੈ :

ੳ) ਯਤਨ ਅ) ਹਮਲਾ

ੲ) ਬੇਰੁਜ਼ਗਾਰੀ ਸ) ਡਰ

vi) "ਫੇਰ ਸਾਡੇ ਪਿੰਡਾਂ 'ਚੋਂ ਨਿਰਾਸ਼ਾ ਨਾ ਤੂੰ ਜਾਏਂਗਾ ।
ਚੂੜੀਆਂ ਦੇ ਨਾਲ ਜਦੋਂ ਚਾਕੂ ਵੀ ਲਿਆਏਂਗਾ ।
ਅਸੀ ਪਾੜਨਾ ਕਾਨੂੰਨ ਦਾ ਵੇ ਖੋਖਾ ।
ਖੋਖਾ-ਵੇ ਵੀਰਾ ਵਣਜਾਰਿਆ" ।

ਉਪਰੋਤਕ ਕਾਵਿ ਸਤਰਾਂ ਦਾ ਰਚਨਾਕਾਰ ਹੈ –

ੳ) ਗੁਰਤੇਜ ਕੋਹਾਰਵਾਲਾ    ਅ) ਡਾ. ਜਗਤਾਰ

ੲ) ਸੰਤ ਰਾਮ ਉਦਾਸੀ    ਸ) ਪਾਸ਼

vii) 'ਧੀਆਂ ਦੀਆਂ ਨੋਹੜੀਆਂ (ਗੀਤ)' ਦੇ ਰਚਨਾਕਾਰ ਹਨ :

ੳ) ਤ੍ਰੈਲੋਚਨ ਲੋਚੀ    ਅ) ਗੁਰਭਜਨ ਗਿੱਲ

ੲ) ਡਾ. ਪਾਲ ਕੌਰ    ਸ) ਡਾ. ਵਨੀਤਾ

viii) ਨਾਨਕ ਸਿੰਘ ਰਚਿਤ ਕਹਾਣੀ ਹੈ :

ੳ) ਭੂਆ    ਅ) ਸ਼ਹੀਦ ਦੀ ਮਾਂ

ੲ) ਘੜੀ ਤਾਂ ਖ਼ਰਾਬ ਹੋ-ਗੀ    ਸ) ਮੋਹ-ਪਾਸ਼

ix) 'ਆਪਣਾ-ਆਪਣਾ ਹਿੱਸਾ' ਕਹਾਣੀ ਦੇ ਪਾਤਰ 'ਘੁੱਦੂ' ਦੀ ਭੈਣ ਦਾ ਨਾਂ ਹੈ :

ੳ) ਬਚਨੋ    ਅ) ਰਤਨੀ

ੲ) ਕਰਮੋ    ਸ) ਸਵਰਨੀ

x) 'ਗੇਜੂ', 'ਸਾਧੂ ਸਿੰਘ' ਅਤੇ 'ਗੁਰਨਾਮ ਸਿੰਘ' ਨਾਂ ਦੇ ਪਾਤਰ ਕਿਹੜੀ ਕਹਾਣੀ ਨਾਲ ਸੰਬੰਧਿਤ ਹਨ-

ੳ) ਪੰਜ ਡਾਲਰ ਦਾ ਨੋਟ    ਅ) ਗੱਡ ਡੀਅਲ

ੲ) ਮੋਹ-ਪਾਸ਼    ਸ) ਹਵਾ

xi) "ਖੇਡਾਂ ਆਪਸੀ ਦੁਸ਼ਮਣੀ ਮਿਟਾ ਸਕਦੀਆਂ ਹਨ" ।

ਉਪਰੋਕਤ ਵਾਕ ਦਾ ਸੰਬੰਦ ਕਿਹੜੀ ਕਹਾਣੀ ਨਾਲ ਹੈ :

ੳ) ਸੱਚ ਵੀ ਮੁਥਾਜ ਹੈ    ਅ) ਆਤੂ ਖੋਜੀ

ੲ) ਮੋਹ-ਪਾਸ਼    ਸ) ਸ਼ਹੀਦ ਦੀ ਮਾਂ

xii) "ਕਚਹਿਰੀ ਵਿਚ ਤਾਂ ਕੰਧਾਂ ਵੀ ਪੈਸੇ ਮੰਗਦੀਆਂ ਹਨ' । ਇਹ ਵਾਕ ਕਿਹੜੀ ਕਹਾਣੀ ਵਿਚ ਦਰਜ਼ ਹੈ –

ੳ) ਪੰਜ ਡਾਲਰ ਦਾ ਨੋਟ    ਅ) ਗੁੱਡ ਡੀਅਲ

ੲ) ਆਤੂ ਖੋਜੀ    ਸ) ਸੱਚ ਵੀ ਮੁਥਾਜ ਹੈ

2. ਹੇਠ ਲਿਖੀਆਂ ਖਾਲੀ ਥਾਂਵਾਂ ਭਰੋ : [6 × 1 = 6]

i) ਰਹੀ ਵਾਸਤੇ ਘੱਤ,..................................।
..................................., 'ਸਮੇਂ' ਖਿਸਦਾਈ ਕੰਨੀ ।

ii) ਜਦ ਤੀਕਰ...............................................,
............................... ਨਾ ਗਾਉਣ ਤਿਆਗਣਗੇ ।

iii) ਸਭ ਤੀਵੀਆਂ ਉੱਠ ਕੇ ਉਹਦੇ ਦੁਆਲੇ ਹੋ ਗਈਆਂ ।
"ਕੋਈ............................ਲੱਗਦੀ ਐ" ।

iv) ਆਪਣਾ...............................ਸਿੱਧਾ ਕਰਨਾ ।

v) ਔਲ਼ੇ ਦਾ ਖਾਧਾ ਤੇ......................ਪਿੱਛੋ ਪਤਾ ਲੱਗਦਾ ਹੈ ।

vi) ਬੀਰ ਰਸ ਦਾ ਸਥਾਈ ਭਾਵ '......................' ਹੈ ।

3. ਹੇਠਾਂ ਲਿਖੇ ਪ੍ਰਸ਼ਨਾ ਨੂੰ ਹੱਲ ਕਰੋ :- [12 × 1 = 12]

i) 'ਬਿਰਛ ਨਾਲ ਲੈਕੇ ਤੁਰਨਾ ਹੈ' ਕਵਿਤਾ ਦੇ ਕਵੀ ਕੌਣ ਹਨ ?

ii) 'ਅੱਤ ਚੁੱਕਣਾ' ਮਹੁਵਰੇ ਦਾ ਵਾਕ ਬਣਾ ਕੇ ਅਰਥ ਸਪਸ਼ਟ ਕਰੋ ।

iii) 'ਸਖੀ ਨਾਲੋਂ ਸੂਮ ਭਲਾ ਜਿਹੜਾ ਤੁਰਤ ਦੇਵੇ ਜਵਾਬ' ਅਖਾਣ ਦਾ ਵਾਕ ਬਣਾ ਕੇ ਅਰਥ ਸਪੱਸ਼ਟ ਕਰੋ ।

**(iv-vi)** ਹੇਠਾਂ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :

iv) ਤੂੰ ਸਕੂਲ ਦਾ ਕੰਮ ਕਿਉਂ ਨਹੀਂ ਕੀਤਾ

v) ਮਾਰ ਘੱਤਿਆ ਓਏ

vi) ਅਜਮੇਰ ਉਦੈਪੁਰ ਬੀਕਾਨੇਰ ਤੇ ਜੈਪੁਰ ਰਾਸਥਾਨ ਦੇ ਪ੍ਰਮੁੱਖ ਜ਼ਿਲ੍ਹੇ ਹਨ

**(vii-xii)** ਵਾਕ ਬੋਧ ਨਾਲ ਸੰਬੰਧਿਤ ਪ੍ਰਸ਼ਨ ਹੱਲ ਕਰੋ :

vii) ਬੱਚਾ ਖੇਡ ਰਿਹਾ ਹੈ । (ਵਾਕ ਵਿਚੋਂ ਉਦੇਸ਼ ਚੁਣੋ)

viii) ਪੰਛੀ ਚੋਗਾ ਚੁਗ ਰਹੇ ਹਨ । (ਵਾਕ ਵਿਚੋਂ ਵਿਧੇਅ ਚੁਣੋ)

ix) ਜਸਪ੍ਰੀਤ ਆਪਣੇ ਕਮਰੇ ਵਿਚ ਪੜ੍ਹ ਰਿਹਾ ਹੈ । (ਕਿਰਿਆ-ਵਾਕੰਸ਼ ਚੁਣੋ)

x) ਉਹ ਕਿਤਾਬ ਪੜ੍ਹ ਰਿਹਾ ਹੈ । (ਕਰਮ ਚੁਣੋ)

xi) ਬੱਚੇ ਪਤੰਗ ਉਡਾ ਰਹੇ ਹਨ । (ਬਣਤਰ ਦੇ ਆਧਾਰ 'ਤੇ ਵਾਕ-ਵੰਡ ਦੀ ਕਿਸਮ ਦੱਸੋ)

xii) ਮਿਹਨਤੀ ਲੋਕ ਕਦੇ ਹਾਰ ਨਹੀਂ ਮੰਨਦੇ (ਕਾਰਜ ਦੇ ਆਧਾਰ 'ਤੇ ਵਾਕ-ਵੰਡ ਦੀ ਕਿਸਮ ਦੱਸੋ)

## ਖੰਡ - ਅ

**(4-8) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਨੂੰ ਉੱਤਰ ਲਿਖੋ :** **[5 × 2 = 10]**

ਪਿੰਜਾਬੀ ਸਭਿਆਚਾਰ ਕੇਵਲ ਗਿੱਧੇ-ਭੰਗੜੇ ਦਾ ਸੱਭਿਆਦਰ ਹੀ ਨਹੀਂ, ਜਿਸ ਤਰ੍ਹਾਂ ਕਿ ਕੁਝ ਲੋਕ ਮੰਨਦੇ ਹਨ । ਇਹ ਤਾਂ ਬਹੁਤ ਹੀ ਚੇਤਨ, ਉਸਾਰੂ ਤੇ ਕਰਨੀ ਪ੍ਰਧਾਨ ਸਭਿਆਚਾਰ ਹੈ, ਜਿਸ ਨੂੰ ਸਮਝਣਾ ਬੜਾ ਜ਼ਰੂਰੀ ਹੈ । ਪੰਜਾਬੀ ਸਭਿਆਚਾਰ ਚੇਤਨ ਪੱਧਰ ਤੇ ਆਪਣੇ ਵਿਚ ਬਹੁਤ ਕੁਝ ਸਮੋਈ ਬੈਠਾ ਹੈ । ਪੰਜ ਨਦੀਆਂ ਦਾ ਦੇਸ਼ ਪੰਜਾਬ ਆਰੰਭ ਤੋਂ ਹੀ ਬਾਹਰੀ ਹਮਲਾਵਰਾਂ ਦਾ ਰਾਹ ਬਣਿਆ ਰਿਹਾ ਹੈ, ਜਿਨ੍ਹਾਂ ਨਾਲ ਪੰਜਾਬੀ ਸਦਾ ਜੂਝਦਾ ਰਿਹਾ ਤੇ ਜਿੱਤਾਂ ਹਾਮਲ ਕਰਦਾ ਰਿਹਾ ਹੈ । ਬਹਾਦਰੀ, ਅਣਖ ਤੇ ਆਪਾ ਵਾਰਨ ਦੀ ਸਮਰੱਥਾ ਇਸ ਸਭਿਆਚਾਰ ਦਾ ਇੱਕ ਅਟੁੱਟ ਅੰਗ ਰਿਹ ਹੈ । ਇਸ ਸਭਿਆਚਾਰ ਦੇ ਭਾਈ ਘੱਨ੍ਹਈਆਂ ਜੀ ਜੰਗ ਦੇ ਮੈਦਾਨ ਵਿਚ ਆਪਣੇ ਦੁਸ਼ਮਣਾ ਨੂੰ ਵੀ ਪਾਣੀ ਪਿਆਉਂਦੇ ਹਨ । ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਉਧਮ ਸਿੰਘ ਤੇ ਸ਼ਹੀਦ ਭਗਤ ਸਿੰਘ ਦੇਸ਼ਭਗਤੀ ਦੇ ਜ਼ਜ਼ਬੇ ਅਧੀਨ ਆਪਣੇ ਆਪ ਨੂੰ ਕੁਰਬਾਨ ਕਰ ਜਾਂਦੇ ਹਨ । ਪ੍ਰੋ. ਪੂਰਨ ਸਿੰਘ ਨੂੰ ਪੰਜਾਬ ਦੇ ਕਰਿਆ 'ਜਪੁ ਸਾਹਿਬ' ਗਾਉਂਦੇ ਪਤੀਤ ਹੁੰਦੇ ਹਨ ਅਤੇ ਕਿਸਾਨ ਖੇਤਾਂ ਵਿਚ ਅੰਨ ਉਪਜਾਉਂਦਾ ਪੂਰੇ ਭਾਰਤ ਵਾਲੀਆਂ ਦਾ ਭੰਡਾਰੀ ਜਾਪਦਾ ਹੈ । ਲਗਨ, ਮਿਹਨਤ, ਸੰਕਟ ਵਿਚ ਵੀ ਭਰੋਸਾ, ਚੜ੍ਹਈ ਕਲਾ, ਸ਼ਾਸਤਰ ਤੇ ਸ਼ਸਤਰ, ਪ੍ਰਤੀਬੱਧਤਾ, ਕੌਮਾਂਤਰੀ ਜਾਗਰੂਕਤਾ ਆਦਿ ਪੰਜਾਬੀ ਸੱਭਿਆਚਾਰ ਦੇ ਪ੍ਰਮੁੱਖ ਲੱਛਣ ਹਨ ।

**4.** ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ।

**5.** ਪੰਜਾਬੀ ਸਭਿਆਚਾਰ ਦੀ ਕਿਹੜੀ ਗੱਲ ਨੂੰ ਸਮਝਣਾ ਬਹੁਤ ਜ਼ਰੂਰੀ ਹੈ ?

**6.** ਪੰਜਾਬੀ ਸਭਿਆਚਾਰ ਦੇ ਅਟੁੱਟ ਅੰਗ ਕੀ ਹਨ ?

**7.** ਪੰਜਾਬੀ ਸਭਿਆਚਾਰ ਪ੍ਰਤੀ ਪ੍ਰੋ. ਪੂਰਨ ਸਿੰਘ ਦੀਆਂ ਕੀ ਧਾਰਨਾਵਾਂ ਹਨ ?

**8.** **ਔਖੇ ਸ਼ਬਦਾਂ ਦੇ ਅਰਥ ਲਿਖੋ :**

ਚੇਤਨ, ਸਮੋਈ, ਅਣਖ, ਆਪਾ ਵਾਰਨਾ ।

**(9-16) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[8 × 2 = 16]**

**9.** 'ਧਰਤੀ ਦੇ ਬੋਲ' ਕਵਿਤਾ ਵਿਚ ਕਵੀ ਰਾਹੀ ਨੂੰ ਦੋ ਪਲ ਰੁਕਣ ਲਈ ਕਿਉਂ ਆਖਦਾ ਹੈ ?

**10.** 'ਸਭ ਤੋਂ ਖਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ' ਕਾਵਿ-ਤੱਕ ਕਿਸ ਗੱਲ ਵੱਲ ਸੰਕੇਤ ਕਰਦੀ ਹੈ ?

**11.** 'ਖੜ੍ਹਾ ਸਾਈਕਲ' ਕਵਿਤਾ ਮਨੁੱਖੀ-ਸਭਿਅਤਾ ਦੇ ਕਿੰਨਾਂ ਪੜਾਵਾਂ ਦਾ ਜ਼ਿਕਰ ਕਰਦੀ ਹੈ ?

**12.** 'ਮੈਨੂੰ ਜਾਣਨੈ ?' ਕਹਾਣੀ ਕਿਹੜੇ ਸੰਦੇਯ ਦਾ ਸੰਚਾਰ ਕਰਦੀ ਹੈ ?

**13.** ਕੁੰਢੇ ਦੀ ਖੂੰਡੀ ਅਤੇ ਘੜੀ ਦੀ ਕੀ ਵਿਸ਼ੇਸਤਾ ਸੀ ?

**14.** ਨਾਟਕ ਦੇ ਸ਼ਾਬਦਿਕ ਅਰਖ ਉੱਪਰ ਚਾਨਣਾ ਪਾਓ ?

15. ਸ਼ਾਂਤ ਰਸ ਉੱਪਰ ਟਿੱਪਣੀ ਕਰੋ ।

16. ਪੰਜਾਬੀ ਦੇ ਪੰਜ ਕਹਾਣੀਕਾਰਾਂ ਦੇ ਨਾ ਲਿਖੋ ।

## ਖੰਡ - ੲ

**(17-20)** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[4 × 3 = 12]**

17. ਪਰ ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ,
ਮੇਰਾ ਵਸਦਾ ਜਾਏ ਹਨੇਰ ਕੁੜੇ ।
ਕੁਝ ਅਜਬ ਇਲਮ ਦੀਆਂ ਜ਼ਿੱਦਾਂ ਨੇ,
ਮੈਨੂੰ ਮਾਰਿਆ ਕਿਉਂ, ਕੀ ਕਿੱਦਾਂ ਨੇ ।
ਮੈਂ ਨਿਸਦੇ ਬਾਝੋਂ ਭਟਕ ਰਿਹਾ,
ਜੰਨਤ ਦੋਜ਼ਖ ਵਿਚ ਲਟਕ ਰਿਹਾ ।
ਗੱਲ ਸੁਣ ਜਾ ਭਟਕੇ ਰਾਹੀ ਦੀ,
ਇਕ ਚਿਣਗ ਮੇਂਨੂੰ ਭੀ ਚਾਹੀਦੀ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।
iii) ਔਖੇ ਸਬਦਾਂ ਦੇ ਅਰਥ ਲਿਖੋ :
ਇਲਮ, ਨਿਸਚਾ, ਜੰਨਤ, ਚਿਣਗ ।

ਜਾਂ

ਕਿੰਨਾ ਗੂੜ੍ਹਾ ਸਾਕ ਹੈ
ਅੱਖਰਾਂ ਤੇ ਰਿਜ਼ਕ ਦਾ
ਕਿੰਨਾ ਗੂੜ੍ਹਾ ਸਾਕ ਹੈ
ਅੱਖਰ ਅਤੇ ਅਕਾਂਖਿਆ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।
iii) ਔਖੇ ਸਬਦਾਂ ਦੇ ਅਰਥ ਲਿਖੋ :
ਸਾਕ, ਰਿਜ਼ਕ, ਗੂੜ੍ਹਾ, ਅਕਾਂਖਿਆ ।

18. 'ਗਰੀਬ ਕਿਰਸਾਣ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

ਜਾਂ

'ਚੰਗਾ ਹੁੰਦਾ ਹੈ ਉਦਾਸ ਹੋਣਾ' ਕਵਿਤਾ ਦਾ ਸਾਰ ਲਿਖੋ :

19. 'ਕੋਈ ਇਕ ਸਵਾਰ' ਕਹਾਣੀ ਦਾ ਸੰਖੇਪ ਸਾਰ ਲਿਖੋ ।

ਜਾਂ

'ਬੰਤੀ' ਜਾਂ 'ਆਤੂ ਖੋਜੀ' ਦੇ ਸੁਭਾਅ ਦੀ ਪਾਤਰ ਉਸਾਰੀ ਕਰੋ ।

**20.** ਕਿਸੇ ਇੱਕ ਸਿਰਲੇਖ ਅਨੁਸਾਰ ਕਹਾਣੀ-ਰਚਨਾ ਕਰੋ ।

ਲੂੰਬੜੀ ਅਤੇ ਕਾਂ

ਜਾਂ

ਦੋ ਮਿੱਤਰ ਅਤੇ ਰਿੱਛ

ਜਾਂ

ਨੇਕੀ ਦਾ ਫਲ

## ਖੰਡ - ਸ

**(21-23)** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[3 × 4 = 12]**

**21.** 'ਕਿਸੇ ਇੱਕ ਵਿਸ਼ੇ ਉੱਪਰ ਲੇਖ - ਰਚਨਾ ਕਰੋ ।

i) ਗੁਰੂ ਗੋਬਿੰਦ ਸਿੰਘ

ii) ਵਿਸਾਖੀ ਦਾ ਮੇਲਾ

iii) ਸਾਡੀਆਂ ਸਮਾਜਕ ਬੁਰਾਈਆਂ

iv) ਸਕੂਲ ਦਾ ਸਲਾਨਾ ਸਮਾਰੋਹ

**22.** ਕਿਸੇ ਇੱਕ ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਤੇ ਤੱਤਾਂ ਦਾ ਵਰਣਨ ਕਰੋ ।

ਗ਼ਜ਼ਲ ਜਾਂ ਰੇਖਾ ਚਿੱਤਰ

**23.** ਕਿਸੇ ਇੱਕ ਦਾ ਸੰਖੇਪ ਇਤਿਹਾਸ ਲਿਖੋ ।

ਪ੍ਰਗਤੀਵਾਦੀ ਕਾਵਿ ਪ੍ਰਵਿਰਤੀ

ਜਾਂ

ਨਿੱਕੀ ਕਹਾਣੀ ਦਾ ਪਹਿਲਾ ਦੌਰ

DO NOT WRITE ANYTHING HERE